ਸੁਣਵਾਈ ਉਪਰੰਤ ਪ੍ਰਬੰਧਕੀ ਸਕੱਤਰਾਂ ਨੂੰ ਭੇਜਿਆ ਜਾਣ ਵਾਲਾ ਸੰਖੇਪ ਸਾਰ।

ਉੱਚ ਸਿੱਖਿਆ ਅਤੇ ਸਕੂਲ ਸਿੱਖਿਆ ਪ੍ਰਤੀਨਿਧਾ ਵਲੋਂ ਕੀਤੀਆਂ ਗਈਆਂ ਸਾਝੀਆਂ ਮੰਗਾਂ

1. 33 ਸਾਲਾਂ ਦੀ ਬਜਾਏ ਪੂਰੀ ਪੈਨਸਨ 25 ਸਾਲ ਬਾਅਦ ਦਿੱਤੀ ਜਾਵੇ।

2. ਪੈਨਸਨ ਲਾਸਟ ਪੇ ਡਰਾਨ ਦਾ 50% ਦਿੱਤੀ ਜਾਵੇ।

3 ਸੇਵਾ ਮੁਕਤੀ ਦੀ ਉਮਰ 65 ਸਾਲ ਕੀਤੀ ਜਾਵੇ।

4. ਤਨਖਾਹ ਗਰੇਡ 32 ਤੋਂ ਘਟਾ ਕੇ 17 ਕੀਤਾ ਜਾਣ।

5. ਸਾਲਾਨਾਂ ਤਰੱਕੀ ਦੀ ਦਰ 5.6% ਕੀਤੀ ਜਾਵੇ।

6. 4-9-14 ਏ.ਸੀ.ਪੀ. ਦੀ ਬਜਾਏ 4-8-12-16-20 ਦਾ ਟਾਈਮ ਸਕੇਲ ਦਿੱਤਾ ਜਾਵੇ।

7. +2 ਲੈਵਲ ਤੱਕ ਬੱਚਿਆਂ ਨੂੰ ਮੁਫਤ ਵਿਦਿਆ ਦਿੱਤੀ ਜਾਵੇ ਜਾਂ 1000/ ਰੁਪਏ ਪ੍ਰਤੀ ਮਹੀਨਾ ਪ੍ਰਤੀ ਬੱਚਾ ਵਿਦਿਅਕ ਭੱਤਾ ਦਿੱਤਾ ਜਾਵੇ।

8. ਮਕਾਨ ਬਣਾਉਣ ਲਈ ਵਿਆਜ ਰਹਿਤ ਕਰਜਾ ਦਿੱਤਾ ਜਾਵੇ।

9. ਮਕਾਨ ਕਿਰਾਇਆ ਭੱਤਾ 30 ਪ੍ਰਤੀਸਤ ਸਾਰੇ ਸਹਿਰਾਂ ਲਈ ਇਕੋਂ ਜਿਹਾ ਦਿੱਤਾ ਜਾਵੇ।

10. 130 ਨਵੇਂ ਪ੍ਰਾਇਮਰੀ ਬਲਾਕਾਂ ਦੀ ਰਚਨਾ ਕੀਤੀ ਜਾਵੇ।

11. ਸਬ ਡਿਵੀਜਨਲ ਲੈਵਲ ਅਤੇ ਡਿਵੀਜਨ ਲੈਵਲ ਤੇ ਵਿਸੇ ਮਾਹਿਰ ਨਿਯੁਕਤ ਕੀਤੇ ਜਾਣ।

12. ਸੈਂਟਰਲ ਹੈਡ ਟੀਚਰ ਲਈ 6-9 ਤੋਂ ਘਟਾ ਕੇ 5 ਸਕੂਲ ਚੈਕਿੰਗ ਲਈ ਰੱਖੇ ਜਾਣ।

13. ਮੈਡੀਕਲ ਦੀ ਦਰ 350 ਰੁਪਏ ਤੋਂ ਵਧਾਕੇ 1000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ। ਕੁੱਝ ਐਸੋਸੀਏਸਨਾਂ ਨੇ 500 ਪ੍ਰਤੀ ਮਹੀਨਾ ਪ੍ਰਤੀ ਮੈਂਬਰ ਦੀ ਮੰਗ ਕੀਤੀ ਹੈ।

14. ਜੀ.ਆਈ.ਐਸ. ਪੁਰਾਣੀ ਪਾਲਿਸੀ ਬਦਲਕੇ ਨਵੀਂ ਇੰਸੋਰੈਂਸ ਪਾਲਿਸੀ ਸੁਰੂ ਕੀਤੀ ਜਾਵੇ।

15. ਸਿਖਿਆਰਥੀ ਅਧਿਆਪਕ ਦੀ ਰੇਸੋ 1/40 ਦੀ ਬਜਾਏ 1/20 ਕੀਤੀ ਜਾਵੇ।

16. ਮਿਡਲ ਸਕੂਲਾਂ ਲਈ ਕਲਰਕ ਦਿੱਤਾ ਜਾਵੇ।

17. ਹੈਡ ਅਧਿਆਪਕ ਨੂੰ ਘੱਟੋ ਘੱਟ 200/- ਰੁਪਏ ਪ੍ਰਤੀ ਮਹੀਨਾ ਯਾਤਰਾ ਭੱਤਾ ਦਿੱਤਾ ਜਾਵੇ।

18. ਸੂਚਨਾਵਾਂ ਤਿਆਰ ਕਰਨ ਲਈ ਸਟੇਸਨਰੀ ਲਈ 100/- ਪ੍ਰਤੀ ਮਹੀਨਾ ਦਿੱਤਾ ਜਾਵੇ।

19. ਹੈਡ ਟੀਚਰ ਨੂੰ 300/- ਰੁਪਏ, ਸੈਟਰਲ ਟੀਚਰ ਨੂੰ 500/- ਰੁਪਏ ਅਤੇ ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਨੂੰ 800/- ਪ੍ਰਤੀ ਮਹੀਨਾ ਪ੍ਰਬੰਧਕੀ ਭੱਤਾ ਦਿੱਤਾ ਜਾਵੇ।

20. ਅੰਗ ਹੀਣ ਅਧਿਆਪਕਾਂ ਨੂੰ 1000/- ਰੁਪਏ ਪ੍ਰਤੀ ਮਹੀਨਾਂ ਭੱਤਾ ਦਿੱਤਾ ਜਾਵੇ।

21. ਇਸਤਰੀ ਕਰਮਚਾਰੀਆਂ ਨੂੰ ਇਤਫਾਕੀਆਂ ਛੁੱਟੀ 12 ਤੋਂ ਵਧਾ ਕੇ 18 ਕੀਤੀ ਜਾਵੇ।

22. ਹਿਸਾਬ ਦੇ ਅਧਿਆਪਕਾਂ ਲਈ ਸਕੂਲਾਂ ਵਿੱਚ ਲੈਬ ਸਥਾਪਿਤ ਕੀਤੀ ਜਾਵੇ।

23. ਸਕੂਲਾਂ ਵਿੱਚ ਅਧਿਆਪਕ ਦੀ ਪੋਸਟਿੰਗ ਜਰੂਰੀ ਹੈ ਜਦੋਂ ਕਿ 10ਵੀਂ ਤੱਕ ਹਿਸਾਬ ਪਾਸ ਕਰਨਾ ਜਰੂਰੀ ਨਹੀ ਹੈ। ਇਸ ਪਾਲਿਸੀ ਨੂੰ ਖਤਮ ਕੀਤਾ ਜਾਵੇ।

24. ਮੁੱਖ ਅਧਿਆਪਕ ਦਾ ਨਾਂ ਬਦਲਕੇ ਪ੍ਰਿੰਸੀਪਲ II ਰੱਖਿਆ ਜਾਵੇ।

25. ਪ੍ਰਿੰਸੀਪਲ ਦੀ ਤਰੱਕੀ ਲਈ 7 ਸਾਲ ਤੋਂ ਤਜਰਬਾ ਘਟਾ ਕੇ 5 ਸਾਲ ਕੀਤਾ ਜਾਵੇ।

ਸਕੂਲ ਪੱਧਰ ਦੀਆਂ ਵੱਖ ਵੱਖ ਜਥੇਬੰਦੀਆਂ ਨੇ ਕਮਿਸਨ ਦੇ ਸਾਹਮਣੇ ਪੇਸ ਹੋ ਕੇ ਆਪਣਾ-ਆਪਣਾ ਪੱਖ ਪੇਸ ਕੀਤਾ ਜਿਸ ਵਿੱਚ ਹਰ ਤਰ੍ਹਾਂ ਦੇ ਅਧਿਆਪਕ, ਲੈਕਚਰਾਰ,ਹੈਂਡ ਮਾਸਟਰ ਅਤੇ ਪ੍ਰਿੰਸੀਪਲ ਆਦਿ ਸਾਮਲ ਹੋਏ। ਸਕੂਲ ਅਤੇ ਉਚ ਸਿੱਖਿਆ ਪੱਧਰ ਸਕੂਲਾਂ ਦੇ ਮੁਲਾਜਮਾਂ ਨੇ ਆਪਣੀਆਂ ਮੰਗਾ ਨਿਮਨ ਲਿਖਤ ਅਨੁਸਾਰ ਪੇਸ ਕੀਤੀਆਂ ਹਨः-

1. <u>ਈ.ਟੀ.ਟੀ.ਅਧਿਆਪਕ</u>

ਵਿਅਕਤੀਗਤ ਅਤੇ ਕਰਮਚਾਰੀਆਂ ਦੀਆਂ ਜਥੇਬੰਦੀਆਂ ਨੂੰ ਈ.ਟੀ.ਟੀ.ਟੀਚਰ,ਹੈਂਡ ਟੀਚਰ, ਸੈਟਰਲ ਹੈਂਡ ਟੀਚਰ ਪ੍ਰਾਇਮਰੀ ਸਿੱਖਿਆ ਅਫਸਰ ਲਈ ਨਿਮਨ ਲਿਖਤ ਅਨੁਸਾਰ ਗ੍ਰੇਡਾਂ ਦੀ ਮੰਗ ਕੀਤੀ ਗਈ ਹੈः-

| ਲੜੀ ਨੰ: | ਆਸਾਮੀ | ਵਰਤਮਾਨ ਸਕੇਲ (1-1-96) | ਆਧਾਰ ਮੰਨ ਕੇ (1-1-96 ਤੋਂ ਮੰਗਿਆ ਸਕੇਲ ਮੰਗਿਆ ਸਕੇਲ | ਕਮਿਸਨ ਵੱਲੋ ਹੁਣ ਮੰਗੇ ਸਕੇਲਾਂ ਦਾ ਵੇਰਵਾ |
|---|---|---|---|---|
| 1 | 2 | 3 | 4 | 5 |
| 1. | ਈ.ਟੀ.ਟੀ. | 455●-722● | 64●●-1●64● | 164●●-4●8●● |
| 2. | ਹੈਂਡ ਟੀਚਰ | -ਉਹੀ- (ਸੈਪਸਲ ਪੇ 1●●) | 788●-1166● | 195●●-45●●● |
| 3. | ਸੈਂਟਰਲ ਹੈਂਡ ਟੀਚਰ | 548●-8925 ਜਮ੍ਹਾਂ (ਸਪੈਸਲ ਪੇ 1●●) | 8●●●-135●● | 2358●-67●●● |
| 4. | ਬਲਾਕ ਐਲੀਮੈਂਟਰੀ ਐਜੂਕੇਸਨ ਅਫਸਰ | 64●●-1●64● | 92●●-135●● | 28●6●-67●●● |

2. <u>ਆਰਟ ਅਤੇ ਕਰਾਫਟ ਅਧਿਆਪਕ</u>

ਆਰਟ ਅਤੇ ਕਰਾਫਟ ਅਧਿਕਆਪਕਾਂ ਦੀ ਮੁੱਖ ਮੰਗ ਹੈ ਕਿ ਉਨ੍ਹਾਂ ਦੇ ਪੈਰਟੀ ਈ.ਟੀ..ਟੀ. ਅਧਿਆਪਕਾਂ ਨਾਲ ਹੈ। ਹੈਂਡ ਟੀਚਰ ਨੂੰ 5●●- ਰੁਪਏ ਪ੍ਰਤੀ ਮਹੀਨਾ ਅਤੇ ਬੀ.ਈ.ਈ.ਓ. ਨੂੰ 1●●●/- ਰੁਪਏ ਪ੍ਰਤੀ ਮਹੀਨਾ ਪ੍ਰਬੰਧਕੀ ਭੱਤਾ ਦਿੱਤਾ ਜਾਵੇ। ਅਕੈਡਮਿਕ ਅਲਾਊਸ ਤੇ ਕੀਤਾ ਖਰਚ ਵਾਪਿਸ ਹੋਣਾ ਚਾਹੀਦਾ ਹੈ। ਬਾਰਡਰ ਭੱਤਾ 6 ਤੋਂ 12 ਪ੍ਰਤੀਸਤ ਕੀਤਾ ਜਾਵੇ।

3. <u>ਲ੍ਹਾਇਬਰੇਰੀ ਸਟਾਫ</u>

ਲ੍ਹਾਇਬਰੇਰੀ ਰੈਸਟੋਰਰ ਸਹਾਇਕ ਲ੍ਹਾਇਬਰੇਰੀਅਨ ਕੀਤਾ ਜਾਵੇ। ਉੱਚ ਤਨਖਾਹ ਸਕੇਲ ਦਿੱਤਾ ਜਾਵੇ ਅਤੇ ਖੜੋਤ ਦੂਰ ਕੀਤੀ ਜਾਵੇ।

4. <u>ਲੈਬ ਅਟੈਡੈਂਟ</u>

ਤਨਖਾਹ ਸਕੇਲ ਵਧਾ ਕੇ ਦਰਜਾ 4 ਤੋਂ ਦਰਜਾ 3 ਵਿੱਚ ਸਾਮਲ ਕੀਤਾ ਜਾਵੇ।

5. <u>ਸੀਨੀਅਰ ਲੈਬ ਅਟੈਡੈਂਟ</u>

ਇਨ੍ਹਾਂ ਨੇ ਆਪਣਾ ਪਦ ਨੇਮ ਡਿਮਾਸਟੇਟਰ ਜਾਂ ਪ੍ਰੋਜੈਕਟ੍ਰੇਟਰ ਰੱਖਣ ਦੀ ਬੇਨਤੀ ਕੀਤੀ ਹੈ। ਤਰੱਕੀ 4-8-12-2● ਸਾਲਾਂ ਬਾਅਦ ਕੀਤੀ ਜਾਵੇ, ਅਤੇ ਉੱਚ ਤਨਖਾਹ ਸਕੇਲ ਦਿੱਤੇ ਜਾਣ।

6. <u>ਸਕੂਲ ਲ੍ਹਾਇਬਰੇਰੀਅਨ</u>

ਸਕੂਲਾਂ ਦੇ ਵਿੱਚ ਇਸ ਸਮੇਂ ਸਹਾਇਕ ਲ੍ਹਾਇਬਰੇਰੀਅਨ ਅਤੇ ਕਾਲਿਜਾ ਵਿੱਚ ਲ੍ਹਾਇਬਰੇਰੀਅਨ ਕੰਮ ਕਰ ਰਹੇ ਹਨ। ਦੋਹਾਂ ਦੇ ਅਪੀਲ ਕੀਤੀ ਹੈ ਕਿ ਮਿਡਲ ਸਕੂਲ ਲੈਵਲ ਤੇ ਲ੍ਹਾਇਬਰੇਰੀਆਂ ਖੋਲੀਆਂ ਜਾਣ। ਉਨ੍ਹਾਂ ਦੀ ਤਰੱਕੀ ਦਾ ਕੋਈ ਰਸਤਾ ਨਹੀਂ ਹੈ। ਤਰੱਕੀ ਦੇ ਰਾਹ ਖੋਲੇ ਜਾਣ। ਪਿਛਲੇ 1● ਸਾਲਾਂ ਤੋਂ ਸਕੂਲਾਂ ਦੇ ਵਿੱਚ ਕੋਈ ਗ੍ਰਾਂਟ ਨਹੀਂ ਦਿੱਤੀ ਗਈ ਅਤੇ ਨਾ ਹੀ ਕਿਤਾਬ ਖਰੀਦੀ ਗਈ ਹੈ। ਸਰਕਾਰ ਨੂੰ ਹਰ ਸਾਲ ਗ੍ਰਾਂਟ ਜਾਰੀ ਕਰਨ ਦੀ ਸਿਫਾਰਸ ਕੀਤੀ ਜਾਵੇ। ਜਿਲ੍ਹਾਂ ਅਤੇ ਬਲਾਕ ਪੱਧਰ ਤੇ ਲ੍ਹਾਇਬਰੇਰੀ ਸੇਵਾ ਸੁਰੂ ਕੀਤੀ ਜਾਵੇ।

7. ਕਲਾਸੀਕਲ ਅਤੇ ਵਰਨਾਕੁੱਲ ਅਧਿਆਪਕ - ਪੰਜਾਬੀ/ਹਿੰਦੀ/ਉਰਦੂ/ਸੰਸਕ੍ਰਿਤ/ਆਰਟ ਅਤੇ ਕਰਾਫਟ/ਐਸ.ਬੀ./ਪੀ.ਪੀ.ਆਈ./ਖੇਤੀਬਾੜੀ/ਸਲਾਈ ਟੀਚਰਜ ਆਦਿ ਇਸ ਕੈਟਾਗਰੀ ਵਿੱਚ ਆਉਂਦੇ ਹਨ। ਇਨ੍ਹਾਂ ਸਾਰੇ ਕੇਡਰਾਂ ਦੀ ਸੀਨੀਆਰਤਾ ਸਾਂਝੀ ਹੈ, ਪ੍ਰੰਤੂ ਇਸ ਕੈਟਾਂਗਰੀ ਵਿੱਚ ਇੱਕ ਕੈਟਾਗਰੀ 548●-8925 (ਪੰਜਾਬੀ/ਹਿੰਦੀ/ਉਰਦੂ/ਸੰਸਕ੍ਰਿਤ) ਦੇ ਪੇ ਸਕੇਲ ਵਿੱਚ ਹੈ। ਜਦੋਂ ਕਿ ਦੂਜੀ ਕੈਟਾਗਰੀ 5●●●-81●● (ਆਰਟ ਐਂਡ ਕਰਾਫਟ/ਐਸ.ਬੀ.ਆਈ./ਪੀ.ਟੀ.ਆਈ./ਐਗਰੀਕਲਚਰ/ਸਿਲਾਈ) ਦੇ ਪੇ ਸਕੇਲ ਵਿੱਚ ਹਨ। ਹਾਈਅਰ ਪੇ ਸਕੇਲ ਵਾਲੀ ਕੈਟਾਗਰੀ ਦੀ ਸੀਨੀਆਰਤਾ ਨੂੰ ਉਪਰ ਰੱਖਣਾ ਚਾਹੀਦਾ ਹੈ ਅਤੇ ਦੂਜੀ ਨੂੰ ਹੇਠਾ। ਪ੍ਰਤੂੰ ਘੱਟ ਪੇ ਸਕੇਲ ਵਾਲੀਆਂ ਕੈਟਾਗਰੀਆਂ ਨੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਦੂਜੀਆਂ ਕੈਟਾਗਰੀਆਂ ਦੇ ਬਰਾਬਰ ਪੇ ਸਕੇਲ ਦੇ ਕੇ ਤਨਖਾਹ ਨਿਸਚਿਤ ਕੀਤੀ ਜਾਵੇ।

8. <u>ਮੁੱਖ ਅਧਿਆਪਕ/ਪ੍ਰਿੰਸੀਪਲ ਦੇ ਤਨਖਾਹ ਸਕੇਲ</u>

| | | |
|---|---|---|
| 1) | ਮਾਸਟਰ | 3115●-56●●● |
| 2) | ਸਕੂਲ ਲੈਕਚਰਾਰ | 391●●-69●●● |
| 3) | ਮਿਡਲ ਸਕੂਲ/ਹੈਡਮਾਸਟਰ | 355●●-89●●● |
| 4) | ਪ੍ਰਿੰਸੀਪਲ | 45●●●-72●●● |
| 5) | ਵਾਈਸ ਪ੍ਰਿੰਸੀਪਲ | 391●●-69●●● |
| 6) | ਕਲਾਸੀਕਲ ਵਰਣਾਕਲ ਟੀਚਰਜ | 3●●●●-5●●●● |
| 7) | ਸਿਲਾਈ ਟੀਚਰ | 248●●-537●● |

ਹੈਡਮਾਸਟਰ ਤੋਂ ਪ੍ਰਿੰਸੀਪਲ ਦੀ ਤਨਖਾਹ ਰੇਸੋ 1978 ਅਤੇ 1986 ਵਿੱਚ ਲਗਾਤਾਰ 85ਪ੍ਰਤੀਸਤ ਸੀ ਜੋ ਕਿ 1996 ਵਿੱਚ ਘੱਟ ਕੇ 7● ਪ੍ਰਤੀਸਤ ਹੋ ਗਈ। ਪ੍ਰਤੀਸਤ ਨੂੰ ਪਹਿਲ੍ਹਾਂ ਵਾਂਗ ਹੀ ਕੀਤਾ ਜਾਵੇ।

ਸੀਨੀਅਰ ਸਕੈਂਡਰੀ ਸਕੂਲ ਅਤੇ ਕਾਲਿਜ

1. ਲ੍ਹਾਇਬਰੇਰੀ ਰਿਸਟੋਰਰ ਦੀ ਆਸਾਮੀਨ ਨੂੰ ਅਪਗ੍ਰੇਡ ਸਹਾਇਕ ਲ੍ਹਾਇਬਰੇਰੀਅਨ ਬਣਾਇਆ ਜਾਵੇ। ਤਨਖਾਹ ਸਕੇਲ ਸੀਨੀਅਰ ਲ੍ਹਾਇਰਬਰੇਰੀਅਨ ਦੇ ਬਰਾਬਰ ਕੀਤਾ ਜਾਵੇ।

2. ਲੈਬ ਰਸਟੋਰਰ ਦੀ ਯੋਗਤਾ 1● +2 ਅਤੇ 2 ਸਾਲ ਦਾ ਕੋਰਸ ਕੀਤਾ ਜਾਵੇ। ਇਨ੍ਹਾਂ ਨੂੰ ਤਨਖਾਹ ਸਕੇਲ ਈ.ਟੀ.ਟੀ. ਟੀਚਰਾਂ ਨੂੰ ਤਨਖਾਹ ਸਕੇਲ ਆਧਾਰ ਮੰਨਕੇ 455●-722● ਦਾ ਆਧਾਰ ਮੰਨਕੇ 1725●-326●● ਕੀਤਾ ਜਾਵੇ।

3. ਸਕੂਲ ਲੈਕਚਰਾਰ - ਇਨ੍ਹਾਂ ਦੀ ਵਿਦਿਅਕ ਯੋਗਤਾ ਪ੍ਰੋਲੀਟੈਕਨੀਕਲ ਦੇ ਬਰਾਬਰ ਹੈ। ਇਸ ਲਈ ਉਨਾਂ ਦੇ ਨਾਲ ਪੈਰਟੀ ਰੱਖੀ ਜਾਵੇ।

4. ਗੋਰਮਿੰਟ ਵੋਕੇਸਨਲ ਅਟੈਡੈਂਟ - ਇਹ ਦਰਜਾ 4 ਕਰਮਚਾਰੀ ਹਨ ਅਤੇ ਇਨ੍ਹਾਂ ਨੇ 12●●●-22●5● ਦੇ ਪੇ ਸਕੇਲ ਦੀ ਮੰਗ ਕੀਤੀ ਹੈ ਅਤੇ ਵੋਕੇਸਨਲ ਅਧਿਆਪਕਾਂ ਦੀ ਆਸਾਮੀਆਂ ਇਨ੍ਹਾਂ ਵਿਚੋਂ ਜੋ ਮੈਟ੍ਰਿਕ ਆਈ.ਟੀ.ਆਈ ਡਿਪਲੋਮਾ ਹੋਲਡਰ ਹਨ, ਵਿਚੋਂ ਭਰੀਆਂ ਜਾਣ।

5. ਸੀਨੀਅਰ ਲੈਬ ਸਹਾਇਕ - ਇਨ੍ਹਾਂ ਦੇ ਟਾਈਮ ਸਕੇਲ 4-8-12-16-2● ਜਮ੍ਹਾਂ ਦੋ ਸਲਾਨਾ ਤਰੱਕੀਆਂ ਦੀ ਮੰਗ ਕੀਤੀ ਹੈ ਅਤੇ 1●●● ਰੁਪਏ ਰਿਸਕ ਭੱਤੇ ਦੀ ਮੰਗ ਕੀਤੀ ਹੈ।

6. ਸਾਇਸ ਮਾਸਟਰ - ਇਨ੍ਹਾਂ ਦੇ ਆਪਣੇ ਪੀਰਡ 27 ਤੋਂ ਘਟਾਕੇ 22 ਕਰਨ ਦੀ ਮੰਗ ਕੀਤੀ ਹੈ। ਜਿਲ੍ਹਾਂ ਸਾਇੰਸ ਸੁਪਰਵਾਈਜਰ ਦੀ ਪੋਸਟ ਨੂੰ ਜਿਲ੍ਹਾਂ ਸਾਇੰਸ ਆਫੀਸਰ ਡੈਜੀਗਨੇਟ ਕਰਨ ਲਈ ਕਿਹਾ ਹੈ। ਸਾਇੰਸ ਟੀਚਰਾਂ ਨੇ 5 ਵਾਧੂ ਸਲਾਨਾ ਇੰਨਕਰੀਮੈਂਟਾਂ ਦੀ ਮੰਗ ਕੀਤੀ ਹੈ ਜਿਨ੍ਹਾਂ ਵਿੱਚ 3 ਪ੍ਰੈਕਟੀਕਲ ਕੰਮ ਲਈ ਅਤੇ 2 ਤਕਨੀਕੀ ਕੰਮ ਲਈ ਸਾਮਲ ਹਨ। ਐਮ.ਐਸ.ਈ. ਕਰਨ ਉਪਰੰਤ 5 ਵਾਧੂ ਇੰਨਕਰੀਮੈਂਟ ਦੇਣ ਦੀ ਮੰਗ ਕੀਤੀ ਹੈ। ਇਸ ਸਮੇਂ ਮਿਲ ਰਹੇ 2●● ਰੁਪਏ ਪ੍ਰਤੀ ਮਹੀਨਾ ਪ੍ਰੋਕਟੀਕਲ ਅਲਾਊਸ ਨੂੰ 5 ਗੁਣਾਂ ਕਰਨ ਦੀ ਮੰਗ ਕੀਤੀ ਹੈ। ਸਾਇੰਸ ਮਾਸਟਰ ਦਾ ਨਾਂ ਬਦਲਕੇ ਟੀ.ਜੀ.ਟੀ. (ਸਾਇੰਸ) ਕਰਨ ਲਈ ਵੀ ਕਿਹਾ ਹੈ। ਇਨ੍ਹਾਂ ਦੇ ਕਾਊਟਰ ਪਾਰਟ ਜਿਹੜੇ ਬੀ.ਐਸ.ਸੀ. ਕਰਮਚਾਰੀ ਹਿਸਾਬ ਆਦਿ ਪੜਾਉਂਦੇ ਹਨ, ਨੂੰ ਵੀ ਸਪੈਸਲ ਅਲਾਊਸ ਦੇਣ ਲਈ ਬੇਨਤੀ ਕੀਤੀ ਹੈ। ਇਸ ਤੋਂ ਇਲਾਵਾ ਸਾਇੰਸ ਲੈਕਚਰਾਰ ਨੂੰ 2●● ਰੁਪਏ ਪ੍ਰਤੀ ਮਹੀਨਾ ਅਲਾਊਸ ਨਹੀਂ ਮਿਲਦਾ ਉਨ੍ਹਾਂ ਨੂੰ ਵੀ ਦਿੱਤਾ ਜਾਵੇ।

7. ਵੋਕੇਸਨਲ ਲੈਕਚਰਾਰ - ਇਨ੍ਹਾਂ ਨੇ ਪੋਲੀਟੈਕਨਿਕ ਕਾਲਜ ਦੇ ਲੈਕਰਚਾਰਾ ਨੂੰ ਪੈਰਟੀ ਦੀ ਮੰਗ ਕੀਤੀ ਹੈ ਕਿਉਕਿ ਇਨ੍ਹਾਂ ਦੀ ਵਿਦਿਅਕ ਯੋਗਤਾ ਉਨ੍ਹਾਂ ਦੇ ਬਰਾਬਰ ਹੈ।

8. ਬੁੱਕ ਬਾਈਡਰ - ਸ੍ਰੀ ਕਿਸੋਰੀ ਲਾਲ ਨੇ ਦੱਿਆ ਹੈ ਕਿ ਉਸਦੀ ਆਸਾਮੀ ਦਰਜਾ 4 ਹੈ। ਜਦੋਂ ਬੁੱਕ ਬਾਈਡਰ ਦੀ ਆਸਾਮੀ ਹੋਰ ਵਿਭਾਗਾਂ ਵਿੱਚ ਦਰਜਾ 3 ਵਿੱਚ ਸਾਮਲ ਹੈ। ਇਸ ਲਈ ਉਸਨੂੰ ਵਿਭਾਗ ਨਾਲ ਪੈਰਟੀ ਦਿੱਤੀ ਜਾਵੇ।

9. ਲ੍ਹਾਇਬਰੇਰੀ ਐਸਿਸਟੈਟ - ਇਨ੍ਹਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਵਿਦਿਅਕ ਯੋਗਤਾ ਜੇ.ਬੀ.ਟੀ./ਬੀ.ਐਂਡ. ਜਿੰਨੀ ਹੈ। ਇਸ ਲਈ ਉਸਨੂੰ ਜੇ.ਬੀ.ਟੀ. ਨਾਲ ਪੈਰਟੀ ਦਿੱਤੀ ਜਾਵੇ।

# <u>ਭਾਸ਼ਾ ਵਿਭਾਗ</u>

ਭਾਸ਼ਾ ਵਿਭਾਗ ਦੀਆਂ ਕੁਝ ਜਥੇਬੰਦੀਆਂ ਤਨਖਾਹ ਕਮਿਸ਼ਨ ਦੇ ਸਾਹਮਣੇ ਪੇਸ਼ ਹੋਈਆਂ ਅਤੇ ਜੋ ਮਸਲੇ ਕਮਿਸ਼ਨ ਦੇ ਨੋਟਿਸ ਵਿੱਚ ਲਿਆਂਦੇ ਹਨ ਉਹ ਨਿਮਨ ਲਿਖਤ ਅਨੁਸਾਰ ਹਨਃ-

ਸ਼ੁਰੂ ਦੇ ਵਿੱਚ ਖੋਜ ਸਹਾਇਕ ਦਾ ਸਕੇਲ ਕਾਲਜ ਲੈਕਚਰਾਰ ਤੋਂ ਜ਼ਿਆਦਾ ਸੀ ਇਸ ਲਈ ਉਹਨਾਂ ਨੇ ਹੁਣ ਖੋਜ ਸਹਾਇਕ ਦੀ ਕਾਲਜ ਲੈਕਚਰਾਰ, ਖੋਜ ਅਫਸਰ ਦੀ ਸੀਨੀਅਰ ਕਾਲਜ ਲੈਕਚਰਾਰ ਨਾਲ ਸਹਾਇਕ ਡਾਇਰੈਕਟਰ ਭਾਸ਼ਾ ਦੀ ਰੀਡਰ ਨਾਲ ਪੈਰਿਟੀ ਦੀ ਮੰਗ ਕੀਤੀ ਹੈ। ਇਸਤੋਂ ਇਲਾਵਾ ਉਹਨਾਂ ਨੇ ਪਲੈਨਿੰਗ ਡਿਪਾਰਟਮੈਂਟ ਵਿੱਚ ਉਪਲਬੱਧ ਇਹਨਾਂ ਪੋਸਟਾਂ ਦੇ ਨਾਲ ਪੈਰਿਟੀ ਦੇਣ ਦੀ ਵੀ ਬੇਨਤੀ ਕੀਤੀ ਹੈ।

ਇਨਸਟਰਕਰ ਸਟੈਨੋਗਰਾਫੀ ਦਾ ਸਕੇਲ 1967 ਤੋਂ ਪਹਿਲਾਂ ਸੀਨੀਅਰ ਸਕੇਲ ਸਟੈਨੋਗ੍ਰਾਫਰ ਤੋਂ ਜ਼ਿਆਦਾ ਸੀ ਜੋ ਕਿ 1986 ਤੱਕ ਠੀਕ ਠਾਕ ਰਿਹਾ। ਪਰੰਤੂ 15.6.199● ਤੋਂ ਸੀਨੀਅਰ ਸਹਾਇਕ ਨੂੰ 18●●-32●● ਅਤੇ ਇਨਸਟਰਕਟਰ ਸਟੈਨੋਗਰਾਫੀ ਨੂੰ 164●-2925 ਦਾ ਸਕੇਲ ਦਿੱਤਾ ਗਿਆ। ਇਸ ਲਈ ਉਹਨਾਂ ਨੇ ਇਹ ਡਿਸਪੈਰਿਟੀ ਦੂਰ ਕਰਨ ਦੀ ਬੇਨਤੀ ਕੀਤੀ ਹੈ ਅਤੇ ਉਚ ਤਨਖਾਹ ਸਕੇਲ ਦੀ ਮੰਗ ਕੀਤੀ ਹੈ।

ਖੋਜ ਇਨਸਟਰਕਟਰ ਸਟੈਨੋਗ੍ਰਾਫੀ 1977-78 ਵਿੱਚ 7●●-12●● ਦੇ ਪੇ ਸਕੇਲ ਵਿੱਚ ਅਤੇ ਇਨਸਟਰਕਟਰ 6●●-112● ਦੇ ਪੇ ਸਕੇਲ ਲੈ ਰਹੇ ਸੀ। ਬਾਦ ਵਿੱਚ ਇਹਨਾਂ ਦੇ ਪੇ ਸਕੇਲ ਵਿੱਚ ਕਾਫੀ ਜ਼ਿਆਦਾ ਅਨਾਮਲੀ ਪੈਦਾ ਹੋ ਗਈ ਜਿਸਨੂੰ ਦੂਰ ਕਰਨ ਬਾਰੇ ਉਹਨਾਂ ਨੇ ਬੇਨਤੀ ਕੀਤੀ ਹੈ ਅਤੇ ਖੋਜ ਇਨਸਟਰਕਟਰ ਸਟੈਨੋਗਰਾਫੀ ਨੇ ਉਚ ਸਕੇਲ ਦੀ ਮੰਗ ਕੀਤੀ ਹੈ।